# FRESNO ਕਾਉਂਟੀ ਚੋਣ ਪ੍ਰਸ਼ਾਸਨ ਦੀ ਯੋਜਨਾ

# ਪਹਿਲਾ ਸੋਧ

# ਅਗਸਤ 2020

**ਪਰਿਚੈ:** Fresno ਕਾਉਂਟੀ ਦੀ ਚੋਣ ਪ੍ਰਸ਼ਾਸਨ ਦੀ ਯੋਜਨਾ ਨਵੰਬਰ 2019 ਦੀ ਹੈ। ਇਸ ਯੋਜਨਾ ਦੀ ਵਰਤੋਂ ਮਾਰਚ 2020 ਵਿੱਚ ਰਾਸ਼ਟਰਪਤੀ ਪ੍ਰਾਇਮਰੀ ਚੋਣ ਕਰਵਾਉਣ ਲਈ ਕੀਤੀ ਗਈ ਸੀ। ਯੋਜਨਾ ਨੂੰ ਅਪਡੇਟ ਕਰਨ ਲਈ ਇਹ ਪਹਿਲਾ ਸੋਧ ਜ਼ਰੂਰੀ ਹੈ ਕਿਉਂਕਿ ਇਹ ਨਵੰਬਰ 2020 ਦੇ ਰਾਸ਼ਟਰਪਤੀ ਚੋਣ ਨਾਲ ਸਬੰਧਤ ਹੈ। ਆਮ ਤੌਰ 'ਤੇ, ਯੋਜਨਾ ਵਿੱਚ ਕੀਤੇ ਗਏ ਬਦਲਾਅ COVID-19 ਮਹਾਂਮਾਰੀ ਨਾਲ ਸਬੰਧਤ ਹਨ, ਜਿਸ ਨਾਲ ਚੋਣ ਪ੍ਰਕਿਰਿਆਵਾਂ ਵਿੱਚ ਰਾਜ ਵਿਆਪੀ ਤਬਦੀਲੀਆਂ ਆਈਆਂ ਹਨ। ਯੋਜਨਾ ਵਿੱਚ ਕੀਤੇ ਗਏ ਬਦਲਾਅ ਇੱਥੇ ਦਿੱਤੇ ਗਏ ਹਨ:

A. ਭਾਸ਼ਾਵਾਂ: ਪਹਿਲਾਂ, Fresno ਕਾਉਂਟੀ ਨੂੰ ਮੈਸੇਜਿੰਗ ਅਤੇ ਵੋਟਰ ਦੀ ਜਾਣਕਾਰੀ ਨੂੰ ਸਪੈਨਿਸ਼, ਪੰਜਾਬੀ, ਹਮੰਗ, ਚੀਨੀ, ਕੋਰੀਅਨ, ਖਮੇਰ, ਵੀਅਤਨਾਮੀ ਅਤੇ ਟੈਗਲਾਗ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ ਜ਼ਰੂਰੀ ਸੀ। ਲਾਓਸ ਭਾਸ਼ਾ ਨੂੰ Fresno ਕਾਉਂਟੀ ਦੀਆਂ ਭਾਸ਼ਾਵਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਯੋਜਨਾ ਵਿੱਚ ਵੱਖ ਵੱਖ ਭਾਸ਼ਾਵਾਂ ਦੀ ਕਿਸੇ ਵੀ ਸੂਚੀ ਵਿੱਚ ਹੁਣ ਲਾਓਸ ਭਾਸ਼ਾ ਸ਼ਾਮਲ ਹੋਵੇਗੀ।

B. ਵੋਟ ਕੇਂਦਰ: ਸਾਰੇ ਵੋਟ ਕੇਂਦਰ 31 ਅਕਤੂਬਰ ਤੋਂ 3 ਨਵੰਬਰ ਤੱਕ ਚਾਰ ਦਿਨਾਂ ਲਈ ਖੁੱਲ੍ਹੇ ਰਹਿਣਗੇ। ਕੋਈ ਵੀ ਵੋਟ ਕੇਂਦਰ 11 ਦਿਨਾਂ ਦਾ ਨਹੀਂ ਹੋਵੇਗਾ। ਜਦੋਂ ਵੀ ਸੰਭਵ ਹੋਵੇ, ਮਾਰਚ 2020 ਵਿੱਚ ਵਰਤੇ ਗਏ ਵੋਟ ਕੇਂਦਰਾਂ ਦੇ ਸਥਾਨਾਂ ਦੀ ਵਰਤੋਂ ਦੁਬਾਰਾ ਕੀਤੀ ਜਾਵੇਗੀ। ਕੁਝ ਸਾਈਟਾਂ ਉਪਲਬਧ ਨਹੀਂ ਹਨ ਅਤੇ ਕੁਝ ਸਾਈਟਾਂ ਜ਼ਰੂਰੀ ਸਮਾਜਕ ਦੂਰੀ ਲਈ ਬਹੁਤ ਛੋਟੀਆਂ ਹਨ। ਇਹ ਅਨੁਮਾਨ ਹੈ ਕਿ ਲਗਭਗ 10 ਸਥਾਨਾਂ ਵਿੱਚ ਤਬਦੀਲੀ ਆਵੇਗੀ। ਜਦੋਂ ਵੀ ਸੰਭਵ ਹੋਵੇ ਕਾਉਂਟੀ ਉਸੇ ਹੀ ਆਮ ਖੇਤਰ ਵਿੱਚ ਤਬਦੀਲੀਆਂ ਵਾਲੇ ਸਥਾਨਾਂ ਦੀ ਵਰਤੋਂ ਕਰੇਗੀ। ਵੋਟ ਕੇਂਦਰ ਦੇ ਸਥਾਨਾਂ ਦੀ ਇੱਕ ਨਵੀਂ ਸੂਚੀ ਵੈਬਸਾਈਟ 'ਤੇ ਉਪਲਬਧ ਹੋਵੇਗੀ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਹਰੇਕ ਵੋਟਰ ਨੂੰ ਡਾਕ ਰਾਹੀਂ ਭੇਜੀ ਜਾਵੇਗੀ।

C. COVID-19: ਕਰਮਚਾਰੀਆਂ ਅਤੇ ਵੋਟਰਾਂ ਲਈ ਸੁਰੱਖਿਅਤ ਮਾਹੌਲ ਬਣਾਉਣ ਲਈ ਸਾਰੇ ਵੋਟ ਕੇਂਦਰਾਂ 'ਤੇ ਸਾਵਧਾਨੀਆਂ ਵਰਤੀਆਂ ਜਾਣਗੀਆਂ। ਸਮਾਜਿਕ ਦੂਰੀ ਦੀ ਵੱਧ ਤੋਂ ਵੱਧ ਪਾਲਣਾ ਹੋ ਸਕੇ ਇਸ ਲਈ ਵੋਟਿੰਗ ਉਪਕਰਣ ਸਥਾਪਤ ਕੀਤੇ ਜਾਣਗੇ। ਵੋਟਰਾਂ ਨੂੰ ਲਾਈਨ ਵਿੱਚ ਛੇ ਫੁੱਟ ਦੀ ਦੂਰੀ 'ਤੇ ਇੰਤਜ਼ਾਰ ਕਰਨ ਲਈ ਕਿਹਾ ਜਾਵੇਗਾ, ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਲੋੜ ਪੈਣ ਤੇ ਵੋਟਰ ਵੋਟ ਕੇਂਦਰ ਦੇ ਬਾਹਰ ਇੰਤਜ਼ਾਰ ਕਰਨਗੇ। ਵਰਕਸਟੇਸ਼ਨਾਂ 'ਤੇ ਕਰਮਚਾਰੀਆਂ ਅਤੇ ਵੋਟਰਾਂ ਨੂੰ ਵੱਖ ਕਰਨ ਲਈ ਪਲੇਕਸਿਗਲਾਸ ਸ਼ੀਲਡ ਅਤੇ ਪੁਲ ਅਪ ਸਕ੍ਰੀਨਾਂ ਲਗਾਈਆਂ ਜਾਣਗੀਆਂ। ਸਾਰੇ ਕਰਮਚਾਰੀ ਫੇਸ ਮਾਸਕ ਜਾਂ ਸ਼ੀਲਡ ਲਗਾਣਗੇ। ਵੋਟਰਾਂ ਨੂੰ ਫੇਸ ਮਾਸਕ ਲਗਾਉਣ ਲਈ ਕਿਹਾ ਜਾਵੇਗਾ ਅਤੇ ਜਿਨ੍ਹਾਂ ਵੋਟਰਾਂ ਕੋਲ ਫੇਸ ਮਾਸਕ

ਨਹੀਂ ਹਨ ਉਨ੍ਹਾਂ ਲਈ ਫੇਸ ਮਾਸਕ ਮੁਹੱਈਆ ਕਰਵਾਏ ਜਾਣਗੇ। ਨਿਯਮਤ ਅਧਾਰ 'ਤੇ ਉਪਕਰਣ ਸਾਫ਼ ਕੀਤੇ ਜਾਣਗੇ। ਵੋਟ ਕੇਂਦਰਾਂ ਵਿੱਚ ਆਉਣ ਵਾਲੇ ਅਤੇ ਇਥੋਂ ਬਾਹਰ ਜਾਣ ਵਾਲੇ ਵੋਟਰਾਂ ਨੂੰ ਹੈਂਡ ਸੈਨੇਟਾਈਜ਼ਰ ਪ੍ਰਦਾਨ ਕੀਤਾ ਜਾਵੇਗਾ। ਜਦੋਂ ਵੀ ਸੰਭਵ ਹੋਵੇ, ਹਵਾ ਦੀ ਆਵਾਜਾਈ ਲਈ ਦਰਵਾਜ਼ੇ ਖੁੱਲ੍ਹੇ ਰਖੇ ਜਾਣਗੇ।

D. ਡ੍ਰੌਪ ਬਾਕਸ: ਪੂਰੀ ਕਾਉਂਟੀ ਵਿੱਚ ਅਤਿਰਿਕਤ ਬੈਲਟ ਡ੍ਰੌਪ ਬਾਕਸ ਸ਼ਾਮਲ ਕੀਤੇ ਜਾਣਗੇ। Fresno ਕਾਉਂਟੀ ਵਿੱਚ 32 ਡ੍ਰੌਪ ਬਾਕਸ ਹੋਣੇ ਜ਼ਰੂਰੀ ਹਨ। ਮਾਰਚ 2020 ਵਿੱਚ ਵਰਤੇ ਗਏ 43 ਡ੍ਰੌਪ ਬਾਕਸ ਸਥਾਨਾਂ ਤੋਂ ਇਲਾਵਾ, ਕੁੱਲ 63 ਡ੍ਰੌਪ ਬਾਕਸਾਂ ਲਈ ਲਗਭਗ 20 ਹੋਰ ਡ੍ਰੌਪ ਬਾਕਸ ਸ਼ਾਮਲ ਕੀਤੇ ਜਾਣਗੇ। ਵੋਟਰਾਂ ਨੂੰ ਆਪਣੇ ਬੈਲਟ ਵਾਪਸ ਕਰਨ ਲਈ ਡ੍ਰੌਪ ਬਾਕਸ ਦੀ ਵਰਤੋਂ ਕਰਨ ਲਈ ਪਰੇਰਤ ਕੀਤਾ ਜਾਵੇਗਾ। ਡ੍ਰੌਪ ਬਾਕਸ ਸਥਾਨਾਂ ਦੀ ਨਵੀਂ ਸੂਚੀ ਵੈਬਸਾਈਟ 'ਤੇ ਉਪਲਬਧ ਹੋਵੇਗੀ ਅਤੇ ਹਰੇਕ ਵੋਟਰ ਨੂੰ ਉਨ੍ਹਾਂ ਦੇ ਬੈਲਟ ਨਾਲ ਡਾਕ ਰਾਹੀਂ ਭੇਜੀ ਜਾਵੇਗੀ। ਡ੍ਰੌਪ ਬਾਕਸਦੇ ਸਥਾਨਾਂ ਨੂੰ ਕਾਉਂਟੀ ਵੋਟਰ ਜਾਣਕਾਰੀ ਗਾਈਡ ਵਿੱਚ ਵੀ ਸੂਚੀਬੱਧ ਕੀਤਾ ਜਾਵੇਗਾ।

E. VCA ਟੂਲਕਿਟ/ਸੰਚਾਰ: VCA ਟੂਲਕਿਟ ਅਪਡੇਟ ਕਰ ਦਿੱਤੀ ਗਈ ਹੈ ਅਤੇ ਇਹ ਕਾਉਂਟੀ ਦੀ ਵੈਬਸਾਈਟ 'ਤੇ ਉਪਲਬਧ ਹੈ। ਲੋੜ ਅਨੁਸਾਰ ਹੋਰ ਮੈਸੇਜਿੰਗ ਲਗਾਤਾਰ ਅਪਡੇਟ ਕੀਤੀ ਜਾਵੇਗੀ। ਹਰੇਕ ਐਕਟਿਵ ਰਜਿਸਟਰਡ ਵੋਟਰ ਨੂੰ ਵੋਟਿੰਗ ਪ੍ਰਕਿਰਿਆ ਬਾਰੇ ਦੋ ਡਾਕ ਪ੍ਰਾਪਤ ਹੋਣਗੀਆਂ। ਪਹਿਲੀ ਡਾਕ ਅਗਸਤ 2020 ਦੇ ਸ਼ੁਰ ਵਿੱਚ ਭੇਜੀ ਜਾਵੇਗੀ, ਅਤੇ ਦੂਜੀ ਡਾਕ ਸਤੰਬਰ 2020 ਦੇ ਤੀਜੇ ਹਫ਼ਤੇ ਭੇਜੀ ਜਾਵੇਗੀ।

F. ਵਰਕਸ਼ਾਪਸ: ਗਵਰਨਰ ਦੇ ਕਾਰਜਕਾਰੀ ਆਦੇਸ਼ N-67-20 ਦੇ ਕਾਰਨ, ਵੀਡੀਓ ਕਾਨਫਰੰਸਿੰਗ ਦੀ ਵਰਤੋਂ ਕਰਦਿਆਂ ਅਗਸਤ ਅਤੇ ਸਤੰਬਰ 2020 ਵਿੱਚ ਦੋਭਾਸ਼ੀ ਵਰਕਸ਼ਾਪਾਂ ਨਿਰਧਾਰਤ ਕੀਤੀਆਂ ਜਾ ਰਹੀਆਂ ਹਨ। ਦੋਭਾਸ਼ੀ ਵਰਕਸ਼ਾਪਾਂ ਲਈ ਇੱਕ ਨਵਾਂ ਪਾਵਰ ਪੁਆਇੰਟ ਤਿਆਰ ਕੀਤਾ ਗਿਆ ਹੈ ਅਤੇ ਇਸਦਾ ਅਨੁਵਾਦ ਕੀਤਾ ਜਾ ਰਿਹਾ ਹੈ। ਪਾਵਰ ਪੁਆਇੰਟ ਟੂਲਕਿਟ ਵਿੱਚ ਉਪਲਬਧ ਹੋਵੇਗਾ। ਕਮਜੂਨਿਟੀ ਦੇ ਮੈਂਬਰਾਂ ਦੀ ਵੋਟ ਪਾਉਣ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ ਮਦਦ ਕਰਨ ਲਈ ਪਾਵਰ ਪੁਆਇੰਟ ਦੀ ਵਰਤੋਂ ਕਰਨ ਲਈ ਵਿਅਕਤੀਗਤ ਸਮੂਹਾਂ ਨੂੰ ਪਰੇਰਤ ਕੀਤਾ ਜਾਂਦਾ ਹੈ।

ਗਵਰਨਰ ਦੇ ਕਾਰਜਕਾਰੀ ਆਦੇਸ਼ N-67-20 ਦੇ ਕਾਰਨ, ਵੀਡੀਓ ਕਾਨਫਰੰਸ ਦੀ ਵਰਤੋਂ ਕਰਦਿਆਂ ਇੱਕ ਅਪੰਗਤਾ ਕਮਜੂਨਿਟੀ ਵਰਕਸ਼ਾਪ ਵੀ ਆਯੋਜਿਤ ਕੀਤੀ ਜਾਵੇਗੀ। ਇਸ ਵਰਕਸ਼ਾਪ ਦੀ ਤਰੀਕ 24 ਸਤੰਬਰ, 2020 ਹੈ। VAAC (ਵੋਟਰ ਅਸੈੱਸਬਿਲਟੀ ਸਲਾਹਕਾਰ ਕਮੇਟੀ) ਅਤੇ ਉਹ ਸੰਸਥਾਵਾਂ ਜੋ ਅਪੰਗਤਾ ਕਮਜੂਨਿਟੀ ਦੇ ਨਾਲ ਕੰਮ ਕਰਦਿਆਂ ਹਨ ਉਹਨਾਂ ਨੂੰ ਆਪਣੀਆਂ ਸੰਸਥਾਵਾਂ ਦੇ ਅੰਦਰ ਇਸ ਵਰਕਸ਼ਾਪ ਨੂੰ ਦੁਹਰਾਉਣ ਲਈ ਪਰੇਰਤ ਕੀਤਾ ਜਾਵੇਗਾ।

G. ਕਮੇਟਿਆਂ: ਗਵਰਨਰ ਦੇ ਕਾਰਜਕਾਰੀ ਆਦੇਸ਼ N-67-20 ਦੇ ਅਨੁਸਾਰ, ਕਾਉਂਟੀ VAAC ਅਤੇ LAAC (ਭਾਸ਼ਾ ਅਸੈੱਸਬਿਲਟੀ ਸਲਾਹਕਾਰ ਕਮੇਟੀ) ਲਈ ਨਿਯਮਤ ਤੌਰ 'ਤੇ ਨਿਰਧਾਰਤ ਵੀਡੀਓ ਕਾਨਫਰੰਸਿੰਗ ਮੀਟਿੰਗਾਂ ਕਰਨਾ ਜਾਰੀ ਰੱਖੇਗੀ।

H. RAVBM: ਅਸੈਂਬਲੀ ਬਿੱਲ 860, 18 ਜੂਨ, 2020 ਨੂੰ ਅਧਿਆਇਆਂ ਵਿੱਚ ਵੰਡਿਆ ਗਿਆ, ਨਵੰਬਰ 2020 ਦੇ ਰਾਜ ਵਿਆਪੀ ਆਮ ਚੋਣ ਵਿੱਚ ਇਸ ਸੇਵਾ ਦੀ ਵਰਤੋਂ ਕਰਣ ਦੇ ਇੱਛਕ ਕਿਸੇ ਵੀ ਵੋਟਰ ਨੂੰ ਰਿਮੋਟ ਏਕਸੇਸਿਬਲ ਡਾਕ-ਰਾਹੀਂ-ਵੋਟ ਉਪਲੱਬਧ ਕਰਾਂਦਾ ਹੈ। RAVBM ਉਪਲਬਧਤਾ ਤੋਂ ਸੰਬੰਧਤ ਮੈਸੇਜਿੰਗ ਵੈਬਸਾਈਟ, ਸੋਸ਼ਲ ਮੀਡੀਆ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ 'ਤੇ ਅਪਡੇਟ ਕੀਤੀ ਜਾਵੇਗੀ।